Class : 10th

ਰੋਲ ਨੰ. 0000000023

# ਪੰਜਾਬੀ

# PUNJABI

## ( ਪ੍ਰੀ ਬੋਰਡ ਪ੍ਰੀਖਿਆ )

## ਜਨਵਰੀ-2025

ਸਮਾਂ : 3 ਘੰਟੇ

ਕੁੱਲ ਅੰਕ : 80

- ਕਿਰਪਾ ਕਰਕੇ ਜਾਂਚ ਕਰ ਲਉ ਕਿ ਇਸ ਪ੍ਰਸ਼ਨ-ਪੱਤਰ ਵਿਚ ਛਪੇ ਪੰਨਿਆਂ ਦੀ ਸੰਖਿਆ 5 ਅਤੇ ਪ੍ਰਸ਼ਨ 11 ਹਨ ।
- ਕਿਰਪਾ ਕਰਕੇ ਪ੍ਰਸ਼ਨ ਦਾ ਉੱਤਰ ਲਿਖਣਾ ਸ਼ੁਰੂ ਕਰਨ ਤੋਂ ਪਹਿਲਾਂ ਪ੍ਰਸ਼ਨ ਦਾ ਕ੍ਰਮਾਂਕ ਜ਼ਰੂਰ ਲਿਖੋ ।
- ਆਪਣੀ ਉੱਤਰ- ਪੁਸਤਿਕਾ ਵਿਚ ਖਾਲੀ ਪੰਨਾ/ਪੰਨੇ ਨਾ ਛੱਡੋ ।
- ਪ੍ਰੀਖਿਆਰਥੀ ਆਪਣਾ ਰੋਲ ਨੰ. ਪ੍ਰਸ਼ਨ-ਪੱਤਰ ਤੇ ਜ਼ਰੂਰ ਲਿਖਣ । ਪ੍ਰਸ਼ਨ-ਪੱਤਰ ਵਿਚ ਰੋਲ ਨੰ. ਤੋਂ ਇਲਾਵਾ ਕੁਝ ਵੀ ਨਾ ਲਿਖੋ ।
- ਕਿਰਪਾ ਕਰਕੇ ਪ੍ਰਸ਼ਨਾਂ ਦਾ ਉੱਤਰ ਦੇਣ ਤੋਂ ਪਹਿਲਾਂ ਇਹ ਵੇਖ ਲਵੋ ਕਿ ਪ੍ਰਸ਼ਨ-ਪੱਤਰ ਪੂਰਾ ਅਤੇ ਠੀਕ ਹੈ । ਪ੍ਰੀਖਿਆ ਤੋਂ ਬਾਅਦ ਇਸ ਸੰਬੰਧ ਵਿਚ ਕੋਈ ਵੀ ਦਾਅਵਾ ਨਹੀਂ ਮੰਨਿਆ ਜਾਏਗਾ ।

ਨੋਟ : ਸਾਰੇ ਪ੍ਰਸ਼ਨ ਕਰਨੇ ਜ਼ਰੂਰੀ ਹਨ ।

### ਭਾਗ - ( ੳ ) ਵਿਆਕਰਣ

1. ਹੇਠ ਲਿਖੇ ਪੈਰ੍ਹੇ ਨੂੰ ਧਿਆਨ ਨਾਲ ਪੜ੍ਹ ਕੇ ਪੁੱਛੇ ਗਏ ਪ੍ਰਸ਼ਨਾਂ ਦੇ ਉੱਤਰ ਲਿਖੋ :

ਸੱਚ ਬੋਲਣ ਦੇ ਪ੍ਰਣ ਨੇ ਹੀ ਗਾਂਧੀ ਜੀ ਨੂੰ ਬਾਲ ਉਮਰ ਵਿਚ ਪਾਪਾਂ ਤੋਂ ਬਚਾਇਆ ।ਇਕ ਵਾਰ ਕੁਸੰਗਤ ਵਿਚ ਰਲ ਕੇ ਉਹ ਮਾਸ ਖਾ ਬੈਠੇ ਤੇ ਸਿਗਰਟ ਪੀਣ ਲੱਗ ਗਏ ਅਤੇ ਘਰ ਵਿਚੋਂ ਕੁਝ ਚੋਰੀ ਵੀ ਕਰ ਬੈਠੇ ।ਉਹਨਾਂ ਦੇ ਪਿਤਾ ਜੀ ਮੰਜੇ ਤੇ ਬਿਮਾਰ ਪਏ ਸਨ । ਉਹ ਦਿਲ ਵਿਚ ਸੋਚਣ ਲੱਗੇ ਜੇ ਪਿਤਾ ਜੀ ਪੁੱਛ ਬੈਠੇ ਤਾਂ ਮੈਂ ਕੀ ਉੱਤਰ ਦਿਆਂਗਾ ਝੂਠ ਬੋਲ ਕੇ ਮੈਂ ਹੋਰ ਪਾਪ ਨਹੀਂ ਕਰਨਾ ਚਾਹੁੰਦਾ ।

(I) ਕੁਸੰਗਤ ਵਿਚ ਫੱਸ ਕੇ ਗਾਂਧੀ ਜੀ ਨੇ ਕੀ ਕੀਤਾ ? (2)

(II) ਗਾਂਧੀ ਜੀ ਕੀ ਸੋਚ ਕੇ ਪਰੇਸ਼ਾਨ ਹੋ ਰਹੇ ਸਨ ? (2)

(III) ਝੂਠ ਬੋਲਣ ਨੂੰ ਗਾਂਧੀ ਜੀ ਕੀ ਸਮਝਦੇ ਸਨ ? (1)

2. (I) 'ਕਾਰ' ਪਿਛੇਤਰ ਤੋਂ ਇਕ ਸ਼ਬਦ ਬਣਾਓ । (1)

(II) 'ਨਿਰ' ਅਗੇਤਰ ਤੋਂ ਇਕ ਸ਼ਬਦ ਬਣਾਓ । (1)



Downloaded from www.cclchapter.com

(III) ਉਹ ਹਮੇਸ਼ਾ ਸੱਚ ਬੋਲਦਾ ਹੈ | (ਅਰਥ ਬਦਲੇ ਬਿਨਾਂ ਨਾਂਹ ਵਾਚਕ ਵਾਕ ਬਣਾਓ ) (1)

(IV) ਰਾਮ, ਸ਼ਾਮ ਦਾ ਸੱਕਾ ਭਰਾ ਹੈ | ( ਸਾਧਾਰਨ ਵਾਕ ਬਣਾਓ ) (1)

(V) ਆਪਣਾ ਕਾਰੋਬਾਰ ਦੱਸੋ | ( ਪ੍ਰਸ਼ਨ ਵਾਚਕ ਵਾਕ ਬਣਾਓ ) (1)

(VI) ਮਰੀਜ਼ ਨੇ ਦਵਾਈ ਪੀਤੀ | ( ਲਕੀਰੇ ਸ਼ਬਦ ਦਾ ਕਾਰਕ ਲਿਖੋ ) (1)

3. ਹੇਠ ਲਿਖੇ ਬਹੁ-ਵਿਕਲਪੀ ਪ੍ਰਸ਼ਨਾਂ ਵਿਚੋਂ ਸਹੀ ਉਤਰ ਚੁਣ ਕੇ ਲਿਖੋ : (1×4 = 4)

(I) ਸ਼ੁੱਧ ਸ਼ਬਦ ਚੁਣੋ :

(ੳ) ਕਹਿੜਾ (ਅ) ਕਿਹੜਾ

(ੲ) ਕੇਹੜਾ (ਸ) ਕੇੜਹਾ

(II) ਸ਼ੁੱਧ ਵਾਕ ਚੁਣੋ :

(ੳ) ਉਹ ਜਾਂਦਾ ਹੈ ਬਾਜ਼ਾਰ ਰੋਜ਼ਾਨਾ |

(ਅ) ਉਹ ਬਾਜ਼ਾਰ ਰੋਜ਼ਾਨਾ ਜਾਂਦਾ ਹੈ |

(ੲ) ਉਹ ਰੋਜ਼ਾਨਾ ਬਾਜ਼ਾਰ ਜਾਂਦਾ ਹੈ |

(ਸ) ਰੋਜ਼ਾਨਾ ਬਾਜ਼ਾਰ ਜਾਂਦਾ ਹੈ ਉਹ |

(III) "ਸੱਦੀ ਨਾ ਬੁਲਾਈ .................... " | ਅਖਾਣ ਪੂਰੀ ਕਰੋ :

(ੳ) ਮੈਂ ਮੁੰਡੇ ਦੀ ਤਾਈ (ਅ) ਮੈਂ ਲਾੜੇ ਦੀ ਤਾਈ

(ੲ) ਮੈਂ ਲਾੜੇ ਦੀ ਭਾਈ (ਸ) ਮੈਂ ਮੁੰਡੇ ਦੀ ਭਰਜਾਈ

(IV) ਰੇਸ਼ਮਾ ਦੁੱਧ ਪੀ ਰਹੀ ਹੈ | ਵਾਕ ਵਿੱਚ 'ਰੇਸ਼ਮਾ' ਸ਼ਬਦ ਹੈ :

(ੳ) ਆਮ ਨਾਂਵ (ਅ) ਪੁਰਖਵਾਚਕ ਪੜਨਾਂਵ

(ੲ) ਖ਼ਾਸ ਨਾਂਵ (ਸ) ਵਸਤਵਾਚਕ ਨਾਂਵ

4 ਹੇਠ ਲਿਖੇ ਵਾਕ ਨੂੰ ਵਿਸਰਾਮ ਚਿੰਨ੍ਹ ਲਗਾ ਕੇ ਲਿਖੋ : (3)

ਹਰੀਸ਼ ਨੇ ਮਨਿੰਦਰ ਨੂੰ ਪੁੱਛਿਆਂ, ਤੂੰ ਕੱਲ੍ਹ ਸਕੂਲ ਚ ਕਿਉਂ ਨਹੀਂ ਆਇਆ ?

5 ਹੇਠ ਲਿਖੇ ਮੁਹਾਵਰਿਆਂ ਵਿਚੋਂ ਕਿਸੇ ਇਕ ਨੂੰ ਅਰਥ ਸਹਿਤ ਵਾਕ ਵਿੱਚ ਵਰਤੋ : (2)

(I) ਹੱਥ ਮਲਣੇ

(II) ਘੋੜੇ ਵੇਚ ਕੇ ਸੌਣਾ



Downloaded from www.cclchapter.com

6 ਹੇਠ ਲਿਖੇ ਵਿਸ਼ਿਆਂ ਵਿਚੋਂ ਕਿਸੇ ਇਕ ਵਿਸ਼ੇ ਤੇ ਲਗਭਗ 200 ਸ਼ਬਦਾਂ ਦਾ ਲੇਖ ਲਿਖੋ : (5)

(i) ਗੁਰੂ ਨਾਨਕ ਦੇਵ ਜੀ

(ii) ਵਿਗਿਆਨ ਦੀਆਂ ਕਾਢਾਂ

(iii) ਮੇਰੀ ਪ੍ਰਿਯ ਖੇਡ

(iv) ਮੋਬਾਈਲ ਦੇ ਲਾਭ ਤੇ ਹਾਨੀਆਂ

(v) ਮਹਿੰਗਾਈ

7 ਆਪਣੇ ਸਕੂਲ ਦੇ ਪ੍ਰਿੰਸੀਪਲ ਨੂੰ ਸੈਕਸ਼ਨ ਬਦਲਣ ਲਈ ਬੇਨਤੀ-ਪੱਤਰ ਲਿਖੋ। (5)

ਜਾਂ

ਆਪਣੇ ਰਾਜ ਦੇ ਸਿੱਖਿਆ ਮੰਤਰੀ ਨੂੰ ਇਲਾਕੇ ਵਿਚ ਕਾਲਜ ਖੋਲ੍ਹਣ ਲਈ ਇਕ ਮੰਗ ਪੱਤਰ ਲਿਖੋ।

ਭਾਗ ( ਅ ) ਪਾਠ ਪੁਸਤਕਾਂ ਤੇ ਆਧਾਰਿਤ

8 ਹੇਠ ਲਿਖੇ ਬਹੁ-ਵਿਕਲਪੀ ਪ੍ਰਸ਼ਨਾਂ ਵਿਚੋਂ ਸਹੀ ਉੱਤਰ ਚੁਣ ਕੇ ਲਿਖੋ : (1×6 = 6)

(i) ਸੁਆਣੀਆਂ ਉਪਰ ਕਿਸ ਦਾ ਅਸਰ ਪੈ ਗਿਆ ਹੈ ?

(ੳ) ਫੈਸ਼ਨ ਦਾ (ਅ) ਬਾਹਰ ਘੁੰਮਣ ਦਾ

(ੲ) ਪੀੜ੍ਹਿਆਂ ਤੇ ਬਹਿਣਾਂ ਦਾ (ਸ) ਵਿਹਲੇ ਬੈਠਣ ਦਾ

(ii) ਮਿਹਨਤੀ ਕਵਿਤਾ ਕਿਸ ਦੀ ਰਚਨਾ ਹੈ ?

(ੳ) ਜਸਵੰਤ ਸਿੰਘ ਸੇਖਵਾਂ (ਅ) ਕਰਮਜੀਤ ਨੀਰ

(ੲ) ਪਵਨ ਹਰਚੰਦ ਪੁਰੀ (ਸ) ਸ਼ਾਹ ਹੁਸੈਨ

(iii) ਮਾਨਵਤਾ ਦੀ ਸੇਵਾ ਕਰਨ ਲਈ ਕੌਣ ਧਰਤੀ ਮੰਡਲ ਹੇਠ ਵਿਚ ਆਏ ?

(ੳ) ਬੁੱਧ (ਅ) ਜਾਨਵਰ

(ੲ) ਜੀਵ (ਸ) ਬੇਈਂ ਦੀ ਨਦੀ

(iv) ਲੇਖਕ ਨਾਲ ਕੁੜੀਆਂ ਦਾ ਕਾਫਲਾ ਕਿਸ ਵਾਦੀ ਵੱਲ ਜਾ ਰਿਹਾ ਸੀ ?

(ੳ) ਸ਼ਿਮਲਾ ਵਾਦੀ ਵੱਲ (ਅ) ਸੋਲਾਂਗ ਵਾਦੀ ਵੱਲ

(ੲ) ਮਨਾਲੀ ਵਾਦੀ ਵੱਲ (ਸ) ਕਸ਼ਮੀਰ ਵਾਦੀ ਵੱਲ



Downloaded from www.cclchapter.com

(V) ਮੰਮੀ-ਪਾਪਾ ਮੀਨਾਕਸ਼ੀ ਨੂੰ ਕਿਸ ਗੱਲ ਤੋਂ ਰੋਕਦੇ ਸਨ ?

(ੳ) ਈਅਰ ਫੋਨ ਸੁਣਨ ਤੋਂ (ਅ) ਟੀ. ਵੀ. ਦੇਖਣ ਤੋਂ

(ੲ) ਕੈਰਮ ਬੋਰਡ ਖੇਡਣ ਤੋਂ (ਸ) ਕ੍ਰਿਕੇਟ ਖੇਡਣ ਤੋਂ

(VI) ਰਾਮ ਭਜਨੀ ਨੂੰ ਦੁਸ਼ਾਲਾ ਦਾਨ ਕਰਨ ਲਈ ਕੌਣ ਆਖਦਾ ਹੈ ?

(ੳ) ਸ਼ਾਮ ਦਾਸ (ਅ) ਸਾਧੂ

(ੲ) ਪ੍ਰੇਮੋ (ਸ) ਜੁਆਰੀਏ

9 ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਇਕ ਸ਼ਬਦ ਜਾਂ ਇਕ ਵਾਕ ਵਿਚ ਲਿਖੋ : (1×7 = 7)

(I) ਬਿਨਾਂ ਡਰ-ਭੈਅ ਏਧਰ-ਓਧਰ ਕੌਣ ਘੁੰਮਦਾ ਹੈ ?
(ਮਾਂ ਜੋ ਏਧਰ ਵੀ ਤੇ ਓਧਰ ਵੀ ਕਵਿਤਾ ਅਨੁਸਾਰ ਉੱਤਰ ਲਿਖੋ ।)

(II) ਲਾਡੋ ਅਖਵਾਉਣਾ ਕਿਸ ਨੂੰ ਚੰਗਾ ਲਗਦਾ ਹੈ ?

(III) ਵਾਦ-ਵਿਵਾਦ ਪ੍ਰਤੀਯੋਗੀ ਬਣਨ ਲਈ ਕਿਹੜੀ ਬੂੱਧੀ ਦੀ ਲੋੜ ਹੈ ?

(IV) ਪੰਜਾਬੀਆਂ ਨੇ ਭੰਡਾਰੇ ਕਿਸ ਨਾਲ ਭਰ ਦਿੱਤੇ ?

(V) ਰੋਹਿਤ ਨੂੰ ਕਿਹੜੀ ਸਵਾਰੀ ਕਰ ਕੇ ਮਜ਼ਾ ਆ ਰਿਹਾ ਸੀ ?

(VI) ਰਜਨੀ ਨੇ ਸੱਪ ਨੂੰ ਕਿੱਥੇ ਭੇਜਣ ਦੀ ਸਿਫ਼ਾਰਿਸ਼ ਕੀਤੀ ?

(VII) ਗਿਰਝ ਕਿੱਸ ਦੇ ਸਾਥੀ ਨੂੰ ਖਾ ਗਈ ?

10 ਹੇਠ ਲਿਖੇ ਪ੍ਰਸ਼ਨਾਂ ਵਿਚੋਂ ਕੋਈ ਅੱਠ ਪ੍ਰਸ਼ਨਾਂ ਦੇ ਉੱਤਰ 15 ਤੋਂ 20 ਸ਼ਬਦਾਂ ਵਿਚ ਲਿਖੋ : (2×8 = 16)

(I) ਦਸਵੰਦ ਤੋਂ ਕੀ ਭਾਵ ਹੈ ?

(II) ਗੁਰਮੁਖਿ ਅਤੇ ਮਨਮੁਖਿ ਕਿਨ੍ਹਾਂ ਨੂੰ ਕਿਹਾ ਜਾਂਦਾ ਹੈ ?

(III) ਨੈਪੋਲੀਅਨ ਬੋਨਾਪਾਰਟ ਆਪਣੀ ਨੀਂਦ ਕਿਵੇਂ ਪੂਰੀ ਕਰ ਲੈਂਦਾ ਸੀ ?

(IV) ਪੰਜਾਬੀ ਭਾਸ਼ਾ ਲਈ ਵਿਕਸਿਤ ਹੋ ਚੁੱਕੇ ਕੋਈ ਚਾਰ ਸਾਫ਼ਟਵੇਅਰਾਂ ਦੇ ਨਾਂਅ ਲਿਖੋ ?

(V) ਵੰਦਨਾ ਪੌਧਿਆਂ ਨੂੰ ਪਾਣੀ ਦੇਣ ਲਈ ਕਿਉਂ ਰਾਜ਼ੀ ਹੋ ਗਈ ?

(VI) ਸੱਪ ਜਮਾਤ ਦੇ ਕਮਰੇ ਵਿਚ ਕਿਵੇਂ ਦਾਖ਼ਲ ਹੋਇਆ ?

(VII) ਬੇਬੇ ਰਾਮ ਭਜਨੀ ਕੌਣ ਹੈ ?

(VIII) ਮੈਲਬੋਰਨ ਵਿਚ ਕਿਹੜੀ ਚੀਜ਼ ਨੇ ਮਿਲਖਾ ਸਿੰਘ ਨੂੰ ਪ੍ਰਭਾਵਿਤ ਕੀਤਾ ?

(IX) ਨਾਵਲਕਾਰ ਨਾਨਕ ਸਿੰਘ ਦੇ ਨਾਵਲਾਂ ਦਾ ਕੀ ਵਿਸ਼ਾ ਹੈ ?

(X) ਲੋਕ ਜ਼ਮੀਨਾਂ ਵੇਚ ਕੇ ਕੀ ਖਰੀਦ ਰਹੇ ਹਨ ?



Downloaded from www.cclchapter.com

11 ਹੇਠ ਲਿਖੇ ਪ੍ਰਸ਼ਨਾਂ ਵਿਚੋਂ ਕੋਈ ਅੱਠ ਪ੍ਰਸ਼ਨਾਂ ਦੇ ਉਤਰ 35 ਤੋਂ 40 ਸ਼ਬਦਾਂ ਵਿਚ ਲਿਖੋ : (3×7 = 21)

(I) ਹੇਠ ਲਿਖੇ ਕਾਵਿ-ਟੋਟਿਆਂ ਵਿਚੋਂ ਕਿਸੇ ਇਕ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ :

ਬੇਗਾਨੀ ਅੰਗਰੇਜ਼ੀ ਨੂੰ ਅਸੀਂ ਜੱਫੀਆਂ ਪਾਉਂਦੇ ਹਾਂ,<br>
ਹਿੰਦੀ ਮਾਸੀ ਨੂੰ ਵੀ ਝੁਕ ਝੁਕ ਸੀਸ ਨਿਵਾਉਂਦੇ ਹਾਂ,<br>
ਮਾਂ ਰੁਲਦੀ, ਪੁੱਤ ਕਰਦਾ ਨਾ ਕੋਈ ਧਿਆਨ ਪੰਜਾਬੀ ਦਾ<br>
ਜ਼ੱਰਾ ਜ਼ੱਰਾ ਕਹਿ ਉਠੇ , ਸਾਨੂੰ ਮਾਣ ਪੰਜਾਬੀ ਦਾ ।

ਜਾਂ

ਪੰਜਾਬੀ ਸਭਿਆਚਾਰ ਉਪਰ ਪੱਛਮੀ ਪ੍ਰਭਾਵ ਪੈ ਰਿਹਾ ਹੈ ? ਕੀ ਤੁਸੀਂ ਇਸ ਵਿਚਾਰ ਨਾਲ ਸਹਿਮਤ ਹੋ ? ਆਪਣੀਆਂ ਦਲੀਲਾਂ ਦਿਉ ।

(II) ਗੂੜ੍ਹੀ ਨੀਂਦ ਨਾਲ ਕੀ ਹੁੰਦਾ ਹੈ ?

ਜਾਂ

ਆਸਟ੍ਰੇਲਿਆ ਵਿਚ ਭਾਰਤੀਆਂ ਦੀਆਂ ਕਿਹੜੀਆਂ ਬੁਰਾਈਆਂ ਦੀ ਯਾਦ ਆਉਂਦੀ ਹੈ ?

(III) ਰੋਹਿਤ ਦੀ ਸਭ ਤੋਂ ਪਹਿਲਾਂ ਪ੍ਰਾਹੁਣਚਾਰੀ ਕਿਸ ਨੇ ਅਤੇ ਕਿਵੇਂ ਕੀਤੀ ?

ਜਾਂ

ਈਅਰ ਫੋਨ ਕਹਾਣੀ ਵਿਚ ਹਾਦਸਾ ਵਾਪਰਨ ਦਾ ਮੁੱਖ ਕਾਰਨ ਕੀ ਸੀ ? ਵਿਸਥਾਰ ਸਹਿਤ ਲਿਖੋ ।

(IV) ਤੋਤਾ-ਮੈਨਾ ਕਿੱਥੇ ਗਾ ਰਹੇ ਸਨ ? ਇਨ੍ਹਾਂ ਦੇ ਗੀਤ ਰਾਹੀਂ ਇਕਾਂਗੀਕਾਰ ਕੀ ਸੁਨੇਹਾ ਦੇ ਰਿਹਾ ਹੈ ?

ਜਾਂ

ਬੁੱਢੀ, ਰਾਜੇ ਤੇ ਵਜ਼ੀਰ ਨੂੰ ਕਿਉਂ ਗਾਲ੍ਹਾਂ ਕੱਢਦੀ ਹੈ ? ਉਸਦੇ ਦੁੱਖ ਨੂੰ ਬਿਆਨ ਕਰੋ ।

(V) "ਮੈਂ ਹਰ ਪਾਸਿਉਂ ਲੁੱਟਿਆ ਗਿਆ । ਓਇ, ਮੈਂ ਕੀ ਕਰਾਂ" ਇਹ ਕੌਣ ਤੇ ਕਿਉਂ ਬੋਲਦਾ ਹੈ ? ਉਤਰ 50 ਸ਼ਬਦਾਂ ਵਿਚ ਲਿਖੋ ।

ਜਾਂ

' ਬੇਬੇ ਰਾਮ ਭਜਨੀ ' ਇਕਾਂਗੀ ਦੇ ਵਿਸ਼ੇ-ਵਸਤੂ ਤੇ ਵਿਚਾਰ ਕਰੋ ।

(VI) ਬੀਬੀ ਭਾਨੀ ਜੀ ਦੇ ਮੁੱਢਲੇ ਜੀਵਨ ਤੇ ਰੋਸ਼ਨੀ ਪਾਓ ?

ਜਾਂ

ਬੀਬੀ ਭਾਨੀ ਕਿਹੜੇ ਗੁਣਾਂ ਦੇ ਧਾਰਨੀ ਸਨ ?

(VII) ਦੇਸ਼ ਦੀ ਤਰੱਕੀ ਲਈ ਡਾ: ਅਬਦੁਲ ਕਲਾਮ ਨੇ ਕਿਨ੍ਹਾਂ ਚੀਜ਼ਾਂ ਨੂੰ ਜ਼ਰੂਰੀ ਦੱਸਿਆ ?

ਜਾਂ

ਡਾ: ਅਬਦੁਲ ਕਲਾਮ ਨੂੰ ਭਾਰਤ ਦੇਸ਼ ਦੇ ਕਿਹੜੇ-ਕਿਹੜੇ ਵੱਡੇ ਸਨਮਾਨ ਹਾਸਲ ਹੋਏ ?



Downloaded from www.cclchapter.com